27-Nov-FZR-ABH-Pages.qxd 11/27/2025 10:01 PM Page 7

ਪਿੰਡ ਦੀ ਪੰਚਾਇਤੀ ਜਗ੍ਹਾ 'ਤੇ ਬਣੇ ਖੇਡ ਮੈਦਾਨ ਤੋਂ ਨਾਜਾਇਜ਼ ਕਬਜ਼ਾ ਹਟਾਉਣ ਦੀ ਕੀਤੀ ਮੰਗ

• ਬੱਚੇ ਤੇ ਨੌਜਵਾਨ ਖੇਡ ਮੈਦਾਨ ਨਾ ਹੋਣ ਕਾਰਨ ਗ਼ਲਤ ਕੰਮਾਂ ਵੱਲ ਹੁੰਦੇ ਹਨ ਆਕਰਸ਼ਿਤ- ਗੁਰਲਾਭ ਸਿੰਘ • ਪੰਚਾਇਤ ਦੇ ਮਤੇ ਮੁਤਾਬਿਕ ਨਿਸ਼ਾਨਦੇਹੀ ਲਈ ਭੇਜੀ ਹੈ ਰਿਪੋਰਟ- ਬੀ. ਡੀ. ਪੀ. ਓ.

ਅਬੋਹਰ, 27 ਨਵੰਬਰ (ਤੇਜਿੰਦਰ ਸਿੰਘ ਖ਼ਾਲਸਾ)- ਵਿਧਾਨ ਸਭਾ ਹਲਕਾ ਬੱਲੂਆਨਾ ਦੇ ਪਿੰਡ ਗੋਬਿੰਦਗੜ੍ਹ ਪੱਤੀ ਧੌਕਲ ਦੀ ਪੰਚਾਇਤੀ ਜਗ੍ਹਾ 'ਤੇ ਬਣੇ ਖੇਡ ਮੈਦਾਨ 'ਤੇ ਪਿੰਡ ਦੇ ਹੀ ਇਕ ਵਿਅਕਤੀ ਵਲੋਂ ਕੀਤੇ ਨਾਜਾਇਜ਼ ਕਬਜ਼ੇ ਨੂੰ ਹਟਾਉਣ ਦੀ ਮੰਗ ਕੀਤੀ ਗਈ ਹੈ। ਇਸ ਸੰਬੰਧੀ ਪਿੰਡ ਦੀ ਪੰਚਾਇਤ ਵਲੋਂ ਦਫ਼ਤਰ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਨੂੰ ਮਤਾ ਵੀ ਭੇਜਿਆ ਗਿਆ ਹੈ ਜਦ ਕਿ ਡਿਪਟੀ ਕਮਿਸ਼ਨਰ ਨੂੰ ਵੀ ਨਜਾਇਜ਼ ਕਬਜ਼ਾ ਹਟਾਉਣ ਦੀ ਮੰਗ ਤਹਿਤ ਦਰਖਾਸਤ ਭੇਜੀ ਗਈ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਪਿੰਡ ਦੇ ਜਾਗਰੂਕ ਵਸਨੀਕ ਗੁਰਲਾਭ ਸਿੰਘ ਨੇ ਦੱਸਿਆ ਕਿ ਪੰਚਾਇਤ ਵਲੋਂ ਬੀ.ਡੀ.ਪੀ.ਓ. ਅਤੇ ਮੇਰੇ ਮਾਰਫ਼ਤ ਡਿਪਟੀ ਕਮਿਸ਼ਨਰ ਫ਼ਾਜ਼ਿਲਕਾ ਨੂੰ ਨਾਜਾਇਜ਼ ਕਬਜ਼ਾ ਹਟਾਉਣ ਦੀ ਮੰਗ ਤਹਿਤ ਮੰਗ ਪੱਤਰ ਦਿੱਤਾ ਗਿਆ ਹੈ। ਜਿਸ ਤਹਿਤ ਪਿੰਡ ਦੀ ਪੰਚਾਇਤੀ ਜਗ੍ਹਾ 'ਤੇ ਕਰੀਬ ਡੇਢ ਕਿੱਲੇ ਵਿਚ ਖੇਡ ਗਰਾਊਂਡ ਬਣਿਆ ਹੋਇਆ ਹੈ। ਜਿਸ ਦਾ ਨੀਂਹ ਪੱਥਰ 2013 ਵਿਚ ਖੇਡ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਵਲੋਂ ਰੱਖਿਆ ਗਿਆ ਸੀ ਪਰ ਕੁੱਝ ਸਮੇਂ ਬਾਅਦ ਪਿੰਡ ਦੇ ਹੀ ਇਕ ਵਿਅਕਤੀ ਨੇ ਖੇਡ ਮੈਦਾਨ ਵਿਚ ਇੰਟਰ ਲੌਕ ਟਾਈਲਾਂ ਦੀ ਫ਼ੈਕਟਰੀ ਨਜਾਇਜ਼ ਕਬਜ਼ਾ ਕਰਕੇ ਲਗਾ ਲਈ। ਜਿਸ ਦੀ ਸਰਕਾਰ ਵਲੋਂ ਕੋਈ ਮਨਜ਼ੂਰੀ ਨਹੀਂ ਦਿੱਤੀ ਗਈ ਅਤੇ ਨਾ ਹੀ ਇਸ ਸੰਬੰਧੀ ਹੋਰ ਵਿਭਾਗਾਂ ਤੋਂ ਕੋਈ ਮਨਜ਼ੂਰੀ ਲਈ ਗਈ। ਉਨ੍ਹਾਂ ਦੱਸਿਆ ਕਿ ਉਕਤ ਫ਼ੈਕਟਰੀ ਸਰਾਸਰ ਗੈਰ ਕਾਨੂੰਨੀ ਅਤੇ ਪਿੰਡ ਦੀ ਪੰਚਾਇਤੀ ਜਗ੍ਹਾ ਵਿਚ ਬਣੇ ਖੇਡ ਦੇ ਮੈਦਾਨ ਵਿਚ ਬਣਾਈ ਗਈ ਹੈ। ਉਨ੍ਹਾਂ ਕਿਹਾ ਕਿ ਇਸ ਸੰਬੰਧੀ ਪੁਰਾਣੀ ਗਰਾਮ ਪੰਚਾਇਤ ਗੋਬਿੰਦਗੜ੍ਹ ਵਲੋਂ ਕੋਈ ਵੀ ਮਤਾ ਫ਼ੈਕਟਰੀ ਬਣਾਉਣ ਲਈ ਨਹੀਂ ਦਿੱਤਾ ਗਿਆ ਜਦ ਕਿ ਸਿਆਸੀ ਮਿਲੀਭੁਗਤ ਨਾਲ ਉਕਤ ਵਿਅਕਤੀ ਨੇ ਇਹ ਫ਼ੈਕਟਰੀ ਬਣਾ ਕੇ ਪਿੰਡ ਦੇ ਖੇਡ ਮੈਦਾਨ 'ਤੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ ਅਤੇ ਲੱਖਾਂ ਰੁਪਏ ਦੀ ਜੀ.ਐੱਸ.ਟੀ ਚੋਰੀ ਕਰਕੇ ਸਰਕਾਰ ਨੂੰ ਚੂਨਾ ਲਗਾਇਆ ਜਾ ਰਿਹਾ ਹੈ। ਜਿਸ ਕਾਰਨ ਖੇਡਾਂ ਲਈ ਪ੍ਰੈਕਟਿਸ ਕਰਨ ਲਈ ਪਿੰਡ ਦੇ ਨੌਜਵਾਨ ਖਿਡਾਰੀਆਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸੰਬੰਧੀ ਕਈ ਵਾਰ ਪਿੰਡ ਦੇ ਕਈ ਮੋਹਤਬਰ ਵਿਅਕਤੀਆਂ ਨੇ ਉਕਤ ਵਿਅਕਤੀ ਨੂੰ ਖੇਡ ਮੈਦਾਨ ਖ਼ਾਲੀ ਕਰਨ ਲਈ ਕਿਹਾ ਪਰ ਉਸ ਨੇ ਕੋਈ ਸੁਣਵਾਈ ਨਾ ਕੀਤੀ। ਜਿਸ ਕਾਰਨ ਮਜਬੂਰਨ ਨਵੀਂ ਹੋਂਦ ਵਿਚ ਆਈ ਪਿੰਡ ਗੋਬਿੰਦਗੜ੍ਹ ਧੌਕਲ ਪੱਤੀ ਦੀ ਪੰਚਾਇਤ ਨੇ ਨਾਜਾਇਜ਼ ਕਬਜ਼ੇ ਖ਼ਿਲਾਫ਼ ਮਤਾ ਪਾਇਆ ਅਤੇ ਉਨ੍ਹਾਂ ਵਲੋਂ ਡਿਪਟੀ ਕਮਿਸ਼ਨਰ ਫ਼ਾਜ਼ਿਲਕਾ ਨੂੰ ਵੀ ਨਾਜਾਇਜ਼ ਕਬਜ਼ਾ ਹਟਾਉਣ ਦੀ ਮੰਗ ਕੀਤੀ ਹੈ ਤਾਂ ਜੋ ਪਿੰਡ ਦੇ ਬੱਚਿਆਂ ਅਤੇ ਨੌਜਵਾਨਾਂ ਲਈ ਬਣਿਆ ਖੇਡ ਮੈਦਾਨ ਖੇਡਾਂ ਲਈ ਵਰਤਿਆ ਜਾ ਸਕੇ ਅਤੇ ਨੌਜਵਾਨੀ ਗ਼ਲਤ ਕੰਮਾਂ ਵੱਲ ਆਕਰਸ਼ਿਤ ਨਾ ਹੋਵੇ। ਇਸ ਸੰਬੰਧੀ ਪਿੰਡ ਦੇ ਸਰਪੰਚ ਰਾਜਵੀਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਅਸੀਂ ਨਜਾਇਜ਼ ਕਬਜ਼ੇ ਵਿਰੁੱਧ ਮਤਾ ਪਾ ਕੇ ਬੀ.ਡੀ.ਪੀ.ਓ ਦਫ਼ਤਰ ਦੇ ਚੁੱਕੇ ਹਾਂ ਹੁਣ ਕਾਰਵਾਈ ਅਧਿਕਾਰੀਆਂ ਨੇ ਕਰਨੀ ਹੈ ਜਦ ਕਿ ਉਕਤ ਵਿਅਕਤੀ ਪਹਿਲਾ ਗੋਬਿੰਦਗੜ੍ਹ ਦੀ ਪੰਚਾਇਤ ਸਮੇਂ ਤੋਂ ਹੀ ਖੇਡ ਮੈਦਾਨ 'ਤੇ ਕਾਬਜ਼ ਹੈ ਜਦ ਕਿ ਉਨ੍ਹਾਂ ਦੇ ਪਿੰਡ ਗੋਬਿੰਦਗੜ੍ਹ ਧੌਕਲ ਪੱਤੀ ਦੀ ਪੰਚਾਇਤ ਕੁੱਝ ਸਾਲ ਪਹਿਲਾ ਹੀ ਗੋਬਿੰਦਗੜ੍ਹ ਤੋਂ ਵੱਖ ਹੋ ਕੇ ਹੋਂਦ ਵਿਚ ਆਈ ਹੈ। ਬੀ.ਡੀ.ਪੀ.ਓ ਅੰਤਰਪ੍ਰੀਤ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਪੰਚਾਇਤ ਵਲੋਂ ਭੇਜੇ ਮਤੇ ਤਹਿਤ ਉਨ੍ਹਾਂ ਨਿਸ਼ਾਨਦੇਹੀ ਲਈ ਪਟਵਾਰੀ ਨੂੰ ਭੇਜਿਆ ਹੈ ਅਤੇ ਰਿਪੋਰਟ ਉਪਰੰਤ ਅਧਿਕਾਰੀਆਂ ਦੀ ਹਦਾਇਤ ਮੁਤਾਬਿਕ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਇਸ ਸੰਬੰਧੀ ਡਿਪਟੀ ਕਮਿਸ਼ਨਰ ਫ਼ਾਜ਼ਿਲਕਾ ਨਾਲ ਗੱਲਬਾਤ ਕਰਨੀ ਚਾਹੀ ਤਾਂ ਉਨ੍ਹਾਂ ਆਪਣਾ ਫ਼ੋਨ ਨਾ ਚੁੱਕਿਆ।

ਪਿੰਡ ਗੋਬਿੰਦਗੜ੍ਹ ਧੌਕਲ ਪੱਤੀ ਦੇ ਪੰਚਾਇਤੀ ਖੇਡ ਮੈਦਾਨ 'ਤੇ ਹੋਏ ਨਾਜਾਇਜ਼ ਕਬਜ਼ੇ ਬਾਰੇ ਜਾਣਕਾਰੀ ਦਿੰਦੇ ਹੋਏ ਗੁਰਲਾਭ ਸਿੰਘ। ਤਸਵੀਰ : ਤੇਜਿੰਦਰ ਸਿੰਘ ਖ਼ਾਲਸਾ

ਸੀ.ਪੀ.ਆਈ. ਬਲਾਕ ਜਲਾਲਾਬਾਦ ਦੇ ਆਯੋਜਿਤ ਬਲਾਕ ਪੱਧਰੀ ਇਜਲਾਸ ਦੌਰਾਨ ਹਾਜ਼ਰ ਅਹੁਦੇਦਾਰ, ਵਰਕਰ ਤੇ ਹੋਰ। ਤਸਵੀਰ-ਹਰਪ੍ਰੀਤ ਸਿੰਘ ਪਰੂਥੀ

ਸੀ ਪੀ ਆਈ ਬਲਾਕ ਫ਼ਾਜ਼ਿਲਕਾ ਦਾ ਡੈਲੀਗੇਟ ਇਜਲਾਸ ਸਫ਼ਲਤਾ ਪੂਰਵਕ ਸਮਾਪਤ

ਜਲਾਲਾਬਾਦ, 27 ਨਵੰਬਰ (ਹਰਪ੍ਰੀਤ ਸਿੰਘ ਪਰੂਥੀ)-ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਬਲਾਕ ਜਲਾਲਾਬਾਦ ਦਾ ਡੈਲੀਗੇਟ ਇਜਲਾਸ ਕਾਮਰੇਡ ਪਰਮਜੀਤ ਢਾਬਾਂ, ਹਰਜੀਤ ਕੌਰ ਢੰਡੀਆਂ ਅਤੇ ਕਾਮਰੇਡ ਹੰਸ ਰਾਜ ਛਪੜੀ ਵਾਲਾ ਦੀ ਪ੍ਰਧਾਨਗੀ ਹੇਠ ਕੀਤਾ ਗਿਆ। ਇਸ ਚੋਣ ਡੈਲੀਗੇਟ ਇਜਲਾਸ ਨੂੰ ਕਰਵਾਉਣ ਲਈ ਬਤੌਰ ਆਬਜ਼ਰਵਰ ਕਾਮਰੇਡ ਸਰਬਜੀਤ ਬਨਵਾਲਾ ਵਿਸ਼ੇਸ਼ ਤੌਰ ਤੇ ਪਹੁੰਚੇ। ਇਸ ਮੌਕੇ ਡੇਲੀ ਗੇਟ ਇਜਲਾਸ ਦਾ ਉਦਘਾਟਨ ਕਰਦਿਆਂ ਸੀ.ਪੀ.ਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਹੰਸ ਰਾਜ ਗੋਲਡਨ ਗੋਲਡਨ ਅਤੇ ਮੀਤ ਸਕੱਤਰ ਕਾਮਰੇਡ ਸੁਰਿੰਦਰ ਢੰਡੀਆਂ ਨੇ ਕਿਹਾ ਕਿ ਕੌਮਾਂਤਰੀ ਪੱਧਰ ਤੇ ਕਮਿਊਨਿਸਟ ਪਾਰਟੀਆਂ ਦਾ ਆਧਾਰ ਲਗਾਤਾਰ ਵੱਧ ਰਿਹਾ ਹੈ, ਕਿਉਂਕਿ ਸਰਮਾਏਦਾਰੀ ਧਿਰ ਗ਼ਰੀਬ ਅਤੇ ਮੱਧ ਵਰਗ ਨੂੰ ਲਗਾਤਾਰ ਆਰਥਿਕ ਤੌਰ ਤੇ ਕਮਜ਼ੋਰ ਕਰਨ ਲਈ ਹਰ ਤਰ੍ਹਾਂ ਦੇ ਹੱਥ ਖੰਡੇ ਵਰਤ ਰਹੀ ਹੈ। ਜਿਸ ਦਾ ਟਾਕਰਾ ਕਰਨ ਲਈ ਕਮਿਊਨਿਸਟ ਧਿਰਾਂ ਹਰ ਤਰ੍ਹਾਂ ਮੈਦਾਨ ਵਿਚ ਨਿੱਤਰੀਆਂ ਹੋਈਆਂ ਹਨ। ਇਸ ਮੌਕੇ ਸੀ.ਪੀ.ਆਈ ਬਲਾਕ ਜਲਾਲਾਬਾਦ ਦੇ ਸਕੱਤਰ ਕਾਮਰੇਡ ਛਿੰਦਰ ਮਹਾਲਮ ਨੇ ਤਿੰਨ ਸਾਲਾਂ ਦੀ ਪਾਰਟੀ ਦੀਆਂ ਪ੍ਰਾਪਤੀਆਂ ਦੀ ਰਿਪੋਰਟ ਪੇਸ਼ ਕੀਤੀ। ਇਸ ਰਿਪੋਰਟ ਤੇ ਵਾਧੇ ਕਰਵਾਉਣ ਲਈ ਕਰੀਬ 15 ਦੇ ਕਰੀਬ ਡੈਲੀਗੇਟਾਂ ਨੇ ਬਹਿਸ ਵਿਚ ਹਿੱਸਾ ਲਿਆ। ਡੈਲੀਗੇਟ ਹਾਊਸ ਵੱਲੋਂ ਵਾਅਦਿਆਂ ਸਮੇਤ ਰਿਪੋਰਟ ਨੂੰ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ। ਇਸ ਮੌਕੇ 25 ਮੈਂਬਰੀ ਬਲਾਕ ਕਮੇਟੀ ਦੀ ਤਜਵੀਜ਼ ਨੂੰ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ ਜ਼ੁਣੀ ਗਈ ਬਲਾਕ ਕਮੇਟੀ ਵੱਲੋਂ ਸਰਬਸੰਮਤੀ ਨਾਲ ਕਾਮਰੇਡ ਛਿੰਦਰ ਮਹਾਲਮ ਨੂੰ ਮੁੜ ਬਲਾਕ ਸਕੱਤਰ ਚੁਣਿਆ ਗਿਆ। ਸਾਥੀ ਨਰਿੰਦਰ ਢਾਬਾਂ ਤੇ ਸੰਦੀਪ ਜੋਧਾ ਨੂੰ ਮੀਤ ਸਕੱਤਰ ਅਤੇ ਹਰਭਜਨ ਛਪੜੀ ਵਾਲਾ ਨੂੰ ਸਰਬਸੰਮਤੀ ਨਾਲ ਖ਼ਜ਼ਾਨਚੀ ਚੁਣਿਆ ਗਿਆ। ਭਾਰਤੀ ਕਮਿਊਨਿਸਟ ਪਾਰਟੀ ਦੀ 2 ਦਸੰਬਰ ਨੂੰ ਜਲਾਲਾਬਾਦ ਵਿਖੇ ਹੀ ਹੋਰ ਹੀ ਜ਼ਿਲ੍ਹਾ ਕਾਨਫ਼ਰੰਸ ਵਿਚ ਸ਼ਾਮਿਲ ਹੋਣ ਲਈ 60 ਦੇ ਕਰੀਬ ਡੈਲੀਗੇਟਾਂ ਦੀ ਵੀ ਚੋਣ ਕੀਤੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਕਾਮਰੇਡ ਸਰਬਜੀਤ ਬਨਵਾਲਾ ਨੇ ਕਿਹਾ ਕਿ ਜ਼ਿਲ੍ਹਾ ਫ਼ਾਜ਼ਿਲਕਾ ਦੀ ਕਮਿਊਨਿਸਟ ਪਾਰਟੀ ਵਿਚ ਵੱਡੀ ਗਿਣਤੀ ਨੌਜਵਾਨਾਂ ਦੀ ਹੈ ਅਤੇ ਨੌਜਵਾਨਾਂ ਨੂੰ ਪਾਰਟੀ ਦੇ ਸਿਧਾਂਤ ਤੋਂ ਸੇਧ ਲੈਂਦਿਆਂ ਜ਼ਮੀਨੀ ਪੱਧਰ ਤੇ ਹਰ ਵਰਗ ਤੱਕ ਪਹੁੰਚ ਕਰਕੇ ਪਾਰਟੀ ਨੂੰ ਹੋਰ ਮਜ਼ਬੂਤ ਕਰਨਾ ਚਾਹੀਦਾ ਹੈ। ਇਸ ਮੌਕੇ ਡੈਲੀਗੇਟ ਹਾਊਸ ਵਲੋਂ ਪਾਰਟੀ ਦੇ 100 ਸਾਲਾ ਦਿਵਸ ਨੂੰ ਸ਼ਾਨੋ ਸ਼ੌਕਤ ਨਾਲ ਮਨਾਉਣ ਲਈ ਮਤਾ ਪਾਸ ਕੀਤਾ ਗਿਆ ਕਿ 26 ਦਸੰਬਰ 2025 ਨੂੰ ਉਹ ਪਿੰਡ ਪਿੰਡ ਜਾ ਕੇ ਸੀ.ਪੀ.ਆਈ ਦਾ ਪ੍ਰਚਾਰ ਕਰਦਿਆਂ ਇਸ ਨੂੰ ਵੱਡੇ ਪੱਧਰ ਤੇ ਮਨਾਉਣਗੇ। ਹਾਜ਼ਰ ਆਗੂਆਂ ਨੇ ਕਿਹਾ ਕਿ ਕਮਿਊਨਿਸਟ ਪਾਰਟੀ ਦੇ ਪ੍ਰਾਪਤੀਆਂ ਅਤੇ ਜਿੱਤਾਂ ਭਰੇ ਇਤਿਹਾਸ ਨੂੰ ਲੋਕਾਂ ਵਿਚ ਪ੍ਰਚਾਰਿਆ ਜਾਵੇਗਾ।

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਫ਼ਾਜ਼ਿਲਕਾ ਵਲੋਂ ਜਾਗਰੂਕਤਾ ਕਾਰਜ-ਕਰਮ ਦਾ ਆਯੋਜਨ

ਫ਼ਾਜ਼ਿਲਕਾ, 27 ਨਵੰਬਰ (ਅਮਰਜੀਤ ਸ਼ਰਮਾ)-ਮਾਣਯੋਗ ਜਸਟਿਸ ਸ੍ਰੀ ਅਸ਼ਵਨੀ ਕੁਮਾਰ ਮਿਸ਼ਰਾ, ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਿਟੀ, ਐੱਸ.ਏ.ਐੱਸ. ਨਗਰ (ਮੋਹਾਲੀ) ਤੇ ਸ੍ਰੀਮਤੀ ਨਵਜੋਤ ਕੌਰ, ਮਾਣਯੋਗ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਿਟੀ, ਐੱਸ.ਏ.ਐੱਸ. ਨਗਰ (ਮੋਹਾਲੀ) ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਸ੍ਰੀ ਧਰਮਿੰਦਰ ਪਾਲ ਸਿੰਗਲਾ, ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ, ਫ਼ਾਜ਼ਿਲਕਾ ਦੀ ਅਗਵਾਈ ਹੇਠ ਅਤੇ ਮੈਡਮ ਰੁਚੀ ਸਵਪਨ ਸ਼ਰਮਾ ਮਾਣਯੋਗ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ, ਫ਼ਾਜ਼ਿਲਕਾ ਰਹਿਨੁਮਾਈ ਹੇਠ ਜੁਡੀਸ਼ੀਅਲ ਕੋਰਟ ਕੰਪਲੈਕਸ ਫ਼ਾਜ਼ਿਲਕਾ 'ਚ ਪੋਸ਼ ਐਕਟ ਬਾਰੇ ਜਾਗਰੂਕਤਾ ਕਾਰਜ-ਕਰਮ ਆਯੋਜਿਤ ਕੀਤਾ ਗਿਆ। ਇਸ ਕਾਰਜ-ਕਰਮ 'ਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਚੱਕ ਬਨਵਾਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਕੌੜਿਆਂ ਵਾਲੀ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਚਿਮਨੇ ਵਾਲਾ ਦੇ ਅਧਿਆਪਕ ਸ਼ਾਮਿਲ ਰਹੇ। ਮੈਡਮ ਰੁਚੀ ਸਵਪਨ ਸ਼ਰਮਾ, ਮਾਣਯੋਗ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ, ਫ਼ਾਜ਼ਿਲਕਾ ਵਲੋਂ ਅਧਿਆਪਕਾਂ ਨੂੰ ਵੱਖ-ਵੱਖ ਧਰਾਵਾਂ ਬਾਰੇ ਵਿਸਥਾਰਪੂਰਨ ਜਾਣਕਾਰੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਕੰਮਕਾਜ ਦੀ ਥਾਂ 'ਤੇ ਜਿਨਸੀ ਉਤਪੀੜਨ 'ਚ ਅਣਚਾਹੇ ਸਰੀਰਕ ਸੰਪਰਕ, ਅਪਮਾਨਜਨਕ ਟਿੱਪਣੀਆਂ, ਧਮਕੀ ਦੇਣਾ, ਜਿਨਸੀ ਤੌਰ 'ਤੇ ਇਸ਼ਾਰੇ ਕਰਨਾ ਤੇ ਕਿਸੇ ਵੀ ਤਰ੍ਹਾਂ ਦਾ ਅਣਚਾਹਾ ਵਿਵਹਾਰ ਸ਼ਾਮਲ ਹੈ, ਜੋ ਮਹਿਲਾ ਦੀ ਇੱਜ਼ਤ ਜਾਂ ਸੁਰੱਖਿਆ 'ਤੇ ਹੱਲਾ ਕਰ ਸਕੇ। ਉਨ੍ਹਾਂ ਦੱਸਿਆ ਕਿ ਹਰੇਕ ਸੰਸਥਾ/ਦਫ਼ਤਰ/ਸਕੂਲ ਵਿਚ ਅੰਦਰੂਨੀ ਸ਼ਿਕਾਇਤ ਕਮੇਟੀ ਬਣਾਉਣਾ ਲਾਜ਼ਮੀ ਹੈ, ਜੋ ਸ਼ਿਕਾਇਤ ਪ੍ਰਾਪਤ ਹੋਣ 'ਤੇ ਜਾਂਚ ਕਰਦੀ ਹੈ ਅਤੇ ਕਾਨੂੰਨੀ ਕਾਰਵਾਈ ਲਈ ਸਿਫ਼ਾਰਸ਼ਾਂ ਤਿਆਰ ਕਰਦੀ ਹੈ। ਸ਼ਿਕਾਇਤ ਦਰਜ ਕਰਨ ਦੀ ਪ੍ਰਕਿਰਿਆ, ਜਾਂਚ ਦਾ ਸਮਾਂ, ਪੀੜਿਤ ਮਹਿਲਾ ਦੇ ਹੱਕ, ਅਤੇ ਸੁਰੱਖਿਅਤ ਕੰਮਕਾਜੀ ਵਾਤਾਵਰਨ ਬਣਾਉਣ ਲਈ ਲੋੜੀਂਦੇ ਕਦਮਾਂ ਬਾਰੇ ਵੀ ਵਿਸਥਾਰ ਨਾਲ ਜਾਣੂ ਕਰਵਾਇਆ ਗਿਆ। ਇਸ ਤੋਂ ਇਲਾਵਾ ਮੈਡਮ ਰਮਨਦੀਪ ਕੌਰ, ਪੈਨਲ ਵਕੀਲ ਵਲੋਂ ਵੀ ਅਧਿਆਪਕਾਂ ਨਾਲ ਇਸ ਐਕਟ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ ਗਈ। ਉਨ੍ਹਾਂ ਨੇ ਦੱਸਿਆ ਕਿ ਜੇਕਰ ਕੋਈ ਮਹਿਲਾ ਪੋਸ਼ ਐਕਟ ਦੇ ਅਧੀਨ ਪੀੜਤ ਹੈ, ਤਾਂ ਉਹ ਮੁਫ਼ਤ ਕਾਨੂੰਨੀ ਸਹਾਇਤਾ ਦੀ ਹੱਕਦਾਰ ਹੈ। ਇਸ ਲਈ ਟੋਲ-ਫਰੀ ਨੰ. 15100 ਜਾਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ, ਫ਼ਾਜ਼ਿਲਕਾ ਦੇ ਟੈਲੀਫ਼ੋਨ ਨੰਬਰ 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਅੰਤ ਵਿਚ ਹਾਜ਼ਰ ਅਧਿਆਪਕਾਂ ਨੂੰ ਆਪਣੇ ਅਧਿਕਾਰਾਂ ਬਾਰੇ ਜਾਗਰੂਕ ਰਹਿਣ, ਸੁਰੱਖਿਅਤ ਤੇ ਸਤਿਕਾਰਯੋਗ ਕੰਮਕਾਜੀ ਵਾਤਾਵਰਨ ਬਣਾਉਣ ਵਿਚ ਸਹਿਯੋਗ ਦੇਣ ਤੇ ਜ਼ਰੂਰਤ ਪੈਣ 'ਤੇ ਬੇਝਿਜਕ ਕਾਨੂੰਨੀ ਸਹਾਇਤਾ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ ਗਿਆ।

ਜੁਡੀਸ਼ੀਅਲ ਕੋਰਟ ਕੰਪਲੈਕਸ ਫ਼ਾਜ਼ਿਲਕਾ ਵਿਚ ਪੋਸ਼ ਐਕਟ ਬਾਰੇ ਅਧਿਆਪਕਾਂ ਨੂੰ ਜਾਣਕਾਰੀ ਦਿੰਦੇ ਹੋਏ ਮੈਡਮ ਰੁਚੀ ਸਵਪਨ ਸ਼ਰਮਾ। ਅਜੀਤ ਤਸਵੀਰ

ਚੰਡੀਗੜ੍ਹ ਪੰਜਾਬੀਆਂ ਦੀਆਂ ਜ਼ਮੀਨਾਂ 'ਚ ਬਣਿਆ ਹੈ ਅਤੇ ਪੰਜਾਬ ਦਾ ਹੀ ਹੈ-ਚੇਅਰਮੈਨ ਸੰਧੂ

ਅਬੋਹਰ, 27 ਨਵੰਬਰ (ਸੁਖਜੀਤ ਸਿੰਘ ਬਰਾੜ)-ਚੰਡੀਗੜ੍ਹ ਪੰਜਾਬੀਆਂ ਦੀਆਂ ਜ਼ਮੀਨਾਂ ਵਿਚ ਹੀ ਬਣਿਆ ਹੈ ਅਤੇ ਚੰਡੀਗੜ੍ਹ ਪੰਜਾਬ ਦਾ ਹੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸਥਾਨਕ ਗੁਰੂ ਨਾਨਕ ਖ਼ਾਲਸਾ ਕਾਲਜ ਦੀ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਦਲਜੀਤ ਸਿੰਘ ਸੰਧੂ ਨੇ ਕਿਹਾ ਕਿ ਤਹਿਸੀਲ ਪੱਟੀ ਦੇ ਪਿੰਡ ਸਿੰਘਪੁਰਾ ਦੇ ਵਸਨੀਕ ਓਮਰਾਓ ਸਿੰਘ, ਭਗਵੰਤ ਸਿੰਘ ਜੋ ਕਿ 12ਵੀਂ ਮਿਸਲ ਦੇ ਮਾਲਕ ਸਨ। ਜਦੋਂ ਮਿਸਲ ਰਾਜ ਖ਼ਤਮ ਹੋਣ ਬਾਅਦ ਅੰਗਰੇਜ਼ ਦਾ ਰਾਜ ਆਇਆ ਤਾਂ ਉਨ੍ਹਾਂ ਇਨ੍ਹਾਂ ਸਿੰਘਪੁਰੇ ਵਾਲੇ ਪਰਿਵਾਰਾਂ ਨੂੰ ਚੰਡੀਗੜ੍ਹ ਦੇ ਪਿੰਡ ਭਰਤਗੜ, ਅਨੂਪਗੜ੍ਹ, ਭਰੇਲੀ, ਸੀਸਵਾ, ਰੋਪੜ ਅਤੇ ਅੰਬਾਲਾ ਆਦਿ ਇਲਾਕਿਆਂ ਦੀਆਂ ਜਗੀਰਾਂ ਦੇ ਦਿੱਤੀਆਂ ਸਨ। ਬਾਅਦ ਵਿਚ ਓਮਰਾਓ ਸਿੰਘ, ਭਗਵੰਤ ਸਿੰਘ ਦੀਆ ਜ਼ਮੀਨਾਂ ਐਕੁਆਇਰ ਕਰਕੇ ਚੰਡੀਗੜ੍ਹ ਵਸਾਇਆ ਗਿਆ ਸੀ। ਇਸ ਤਰਾਂ ਚੰਡੀਗੜ੍ਹ ਵਸਾਉਣ